ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ:ਸਿ:) ਜਲੰਧਰ
(e-mail id deose.jalandhar@punjabeducation.gov.in) Office Phone. No.01812402078

ਵੱਲ

ਸਮੂਹ ਸਕੂਲ
ਸਸਸਸ/ਸਹਸ/ਸਮਿਸ/ਏਡਿਡ
ਜਿਲਾ ਜਲੰਧਰ।

ਪੱਤਰ ਨੰ. ਜੀ-2/2023/ 255735
ਮਿਤੀ,ਜਲੰਧਰ : 12.9.2023

ਵਿਸ਼ਾ : - ਮਿਡ-ਡੇ-ਮੀਲ ਸਬੰਧੀ ਹਦਾਇਤਾਂ।

ਹਵਾਲਾ:- ਮੈਬਰ ਆਫ ਫੂਡ ਕਾਰਪਰੇਸ਼ਨ ਜੀ ਦੇ ਸੰਦੇਸ਼ ਮਿਤੀ 12.9.2023 ਸਬੰਧੀ।

ਉਪਰੋਕਤ ਵਿਸ਼ੇ ਤੇ ਹਵਾਲਾ ਅਧੀਨ ਸੰਦੇਸ਼ ਦੇ ਸਬੰਧ ਵਿੱਚ ਸਮੂਹ ਸਕੂਲ ਮੁੱਖੀਆਂ ਨੂੰ ਲਿਖਿਆ ਜਾਦਾ ਹੈ ਕਿ ਮੈਬਰ ਫੂਡ ਕਾਰਪੋਰੇਸ਼ਨ ਵਲੋ ਵੱਖ-2 ਸਕੂਲਾਂ ਦਾ ਨਿਰੀਖਣ ਕੀਤਾ ਜਾ ਰਿਹਾ ਹੈ।ਇਸ ਲਈ ਮਿਡ-ਡੇ-ਮੀਲ ਲਈ ਹੇਠ ਲਿਖੀਆਂ ਹਦਾਇਤਾਂ ਦੀ ਪਾਲਣਾ ਕੀਤੀ ਜਾਵੇ:-

1. ਸਕੂਲ ਵਿੱਚ ਮਿਡ-ਡੇ-ਮੀਲ ਹਫਤਾਵਾਰ ਮੀਨੂ ਅਨੁਸਾਰ ਹੀ ਤਿਆਰ ਕਰਵਾਇਆ ਜਾਵੇ।
2. ਮਿਡ-ਡੇ-ਮੀਲ ਨੂੰ ਤਿਆਰ ਕਰਨ ਸਮੇਂ ਸਾਫ ਸਫਾਈ ਦਾ ਖਾਸ ਧਿਆਨ ਰੱਖਿਆ ਜਾਵੇ।
3. ਮਿਡ-ਡੇ-ਮੀਲ ਦੀ ਸਾਂਭ-ਸੰਭਾਲ ਸੁੱਚਜੇ ਢੰਗ ਨਾਲ ਕੀਤੀ ਜਾਵੇ ਅਤੇ ਤਿਆਰ ਕਰਨ ਸਮੇ ਅਨਾਜ ਨੂੰ ਚੈਕ ਕੀਤਾ ਜਾਵੇ ਕਿ ਉਸ ਵਿੱਚ ਕੋਈ ਸੁਸਰੀ/ਸੁੰਡੀ ਤਾਂ ਨਹੀ ਚਲ ਰਹੀ।
4. ਮਿਡ-ਡੇ-ਮੀਲ ਸਕੂਲ ਵਿੱਚ ਹਾਜ਼ਰ ਬੱਚਿਆਂ ਦੀ ਗਿਣਤੀ ਅਨੁਸਾਰ ਹੀ ਤਿਆਰ ਕਰਵਾਇਆ ਜਾਵੇ।ਜੇਕਰ ਇਸ ਵਿੱਚ ਕੋਈ ਉਨਤਾਹੀ ਪਾਈ ਜਾਂਦੀ ਹੈ ਤਾਂ ਨਿਰੋਲ ਜਿਮੇਵਾਰੀ ਸਬੰਧਤ ਡੀ.ਡੀ.ਓ ਦੀ ਹੋਵੇਗੀ।
5. ਤਿਆਰ ਕੀਤੇ ਮਿਡ-ਡੇ-ਮੀਲ ਭੋਜਨ ਦੀ ਮਾਤਰਾ ਅਤੇ ਗੁਣਵੱਤਾ ਦਾ ਖਾਸ ਧਿਆਨ ਰੱਖਿਆ ਜਾਵੇ।
6. ਇਸ ਪੱਤਰ ਨਾਲ ਨੱਥੀ ਫਲੈਕਸ/ਬੈਨਰ ਢੁੱਕਵੇ ਸਥਾਨ ਤੇ ਲਾਉਣੇ ਲਾਜਮੀ ਹਨ ਅਤੇ ਬੈਨਰ ਵਿੱਚ ਡੀ.ਜੀ.ਆਰ.ਓ ਦਾ ਨਾਮ ਅਤੇ ਨੰਬਰ ਵਿੱਚ ਕੋਈ ਤਬਦੀਲੀ ਨਹੀ ਹੋਵੇਗੀ।ਡੀ.ਐਫ.ਐਸ.ਸੀ ਦੇ ਨੰਬਰ ਦੀ ਥਾਂ ਤੇ ਸਕੂਲ ਮੁੱਖੀ ਦਾ ਨਾਮ ਅਤੇ ਮੋਬਾਇਲ ਨੰ. ਅਤੇ ਜਿਥੇ ਫੂਡ ਇੰਸਪੈਕਟਰ ਦਾ ਨੰਬਰ ਹੈ ਉਸ ਸਥਾਨ ਤੇ ਮਿਡ-ਡੇ-ਮੀਲ ਇੰਚਾਰਜਾਂ ਦੇ ਨਾਮ ਲਿਖੇ ਜਾਣ।
7. ਫੂਡ ਸਪਲਾਈ ਵਿਭਾਗ ਵਲੋ ਪ੍ਰਾਪਤ ਅਨਾਜ ਦਾ ਰਿਕਾਰਡ ਅਤੇ ਸਟੋਰ ਵਿੱਚ ਪਿਆ ਅਨਾਜ ਦਾ ਆਪਸ ਵਿੱਚ ਮਿਲਾਨ ਕਰਨਾ ਲਾਜਮੀ ਹੈ।ਜੇਕਰ ਸਟੋਰ ਵਿੱਚ ਪਿਆ ਅਨਾਜ ਘੱਟ ਪਾਇਆ ਜਾਂਦਾ ਹੈ ਤਾਂ ਨਿਰੋਲ ਜਿਮੇਵਾਰੀ ਸਬੰਧਤ ਸਕੂਲ ਮੁੱਖੀ ਦੀ ਫਿਕਸ ਕੀਤੀ ਜਾਵੇਗੀ।
8. ਮਿਡ-ਡੇ-ਮੀਲ ਦੀ ਕੈਸ਼-ਬੁੱਕ ਅਪ-ਟੂ-ਡੇਟ ਰੱਖੀ ਜਾਵੇ।
9. ਮਿਡ-ਡੇ-ਮੀਲ ਲਈ ਵਿਭਾਗ ਵਲੋ ਜਾਰੀ ਐਪ ਦੀ ਵਰਤੋ ਕਰਦੇ ਹੋਏ ਰੋਜਾਨਾ ਬੱਚਿਆਂ ਦੀ ਗਿਣਤੀ ਅਪਡੇਟ ਕੀਤੀ ਜਾਵੇ।
10. ਮਿਡ-ਡੇ-ਮੀਲ ਲਈ ਪ੍ਰਾਪਤ ਸਲੈਂਡਰ/ਬਾਲਨ ਦੀ ਸਾਂਭ-ਸੰਭਾਲ ਵੀ ਸਹੀ ਢੰਗ ਨਾਲ ਕੀਤੀ ਜਾਵੇ।

ਉਪਰੋਕਤ ਤੋ ਇਲਾਵਾ ਜੇਕਰ ਸਕੂਲ ਵਿੱਚ ਕੋਈ ਉੱਚ ਅਧਿਕਾਰੀ ਦੀ ਟੀਮ ਆਕੇ ਚੈਕ ਕਰਦੀ ਹੈ ਤਾਂ ਪਾਈ ਜਾਣ ਵਾਲੀ ਖਾਮੀ ਵਿੱਚ ਨਿਰੋਲ ਜਿਮੇਵਾਰੀ ਸਕੂਲ ਮੁੱਖੀ ਦੀ ਹੋਵੇਗੀ ਅਤੇ ਬਣਦੀ ਵਿਭਾਗੀ ਕਾਰਵਾਈ ਵੀ ਕੀਤੀ ਜਾਵੇਗੀ।

12/9/23
ਜਿਲ੍ਹਾ ਸਿੱਖਿਆ ਅਫਸਰ (ਸੈ:ਸਿ),
ਜਲੰਧਰ

ਪਿੱਠ ਅੰਕਣ ਨੰ. ਅਤੇ ਮਿਤੀ ਉਕਤ

ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਹਿੱਤ ਭੇਜਿਆ ਜਾਦਾ ਹੈ:-

1. ਮਾਨਯੋਗ ਡਿਪਟੀ ਕਮਿਸ਼ਨਰ ਜਲੰਧਰ।
2. ਮੈਂਬਰ ਆਫ ਫੂਡ ਕਾਰਪੋਰੇਸ਼ਨ ਪੰਜਾਬ।
3. ਜਿਲਾ ਸਿੱਖਿਆ ਅਫਸਰ(ਐਸਿ) ਜਲੰਧਰ।
4. ਮੈਨੇਜਰ ਮਿਡ-ਡੇ-ਮੀਲ ਜਲੰਧਰ।

12/9/23
ਜਿਲ੍ਹਾ ਸਿੱਖਿਆ ਅਫ਼ਸਰ (ਸੈ:ਸਿ),
ਜਲੰਧਰ